ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਮਿਤੀ 21 ਦਸੰਬਰ ਸ਼ਨੀਵਾਰ 2024

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਂਟਾਰੀਓ



ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ

Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS

## ਬਰੈਂਪਟਨ ਵਿਖੇ ਮਰਹੂਮ ਗਾਇਕ ਮੁਹੰਮਦ ਰਫ਼ੀ ਦੀ ਯਾਦ ਨੂੰ ਸਮਰਪਿਤ ਸ਼ਰਧਾਂਜਲੀ ਸਮਾਰੋਹ 24 ਦਸੰਬਰ ਨੂੰ

ਬਰੈਂਪਟਨ 21 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਇੰਟਰਨੈਸ਼ਨਲ ਕੌਂਸਲ ਆਫ਼ ਆਰਟਸ ਕੈਨੇਡਾ ਵੱਲੋਂ ਵਿਸ਼ਵ ਪੰਜਾਬੀ ਸਭਾ ਅਤੇ SCOPE Canada ਦੇ ਸਹਿਯੋਗ ਨਾਲ ਆਵਾਜ਼ ਦੀ ਦੁਨੀਆਂ ਦੇ ਜਾਦੂਗਰ ਤੇ ਮਰਹੂਮ ਗਾਇਕ ਮੁਹੰਮਦ ਰਫ਼ੀ ਦੇ 100ਵੇਂ ਜ਼ਨਮ ਦਿਵਸ ਨੂੰ ਸਮਰਪਿਤ ਸ਼ਰਧਾਂਜਲੀ ਸਮਾਰੋਹ ਦਾ ਆਯੋਜਨ ਕੀਤਾ ਜਾ ਰਿਹਾ। ਇਹ ਸਮਾਰੋਹ 24 ਦਸੰਬਰ ਨੂੰ ਸ਼ਾਮ 6 ਵਜ਼ੇ ਵਿਸ਼ਵ ਪੰਜਾਬੀ ਭਵਨ (ਵਿਲੇਜ ਆਫ ਇੰਡੀਆ) 114 ਕੈਨੇਡੀ ਰੋਡ ਸਾਊਥ ਬਰੈਂਪਟਨ ਵਿਖੇ ਹੋਵੇਗਾ। ਇਸ ਸਮਾਰੋਹ ਦੌਰਾਨ ਕੈਨੇਡਾ ਦੇ ਪ੍ਰਸਿੱਧ ਲੋਕ ਗਾਇਕ ਅਤੇ ਮਾਣਮੱਤੀ ਸ਼ਖਸ਼ੀਅਤ ਇਕਬਾਲ ਬਰਾੜ, ਸੁਮਾਨਾ ਗਾਂਗੁਲੀ ਡੇ ਅਤੇ ਸ਼ੋਏਬ ਅੱਲਾਹ ਆਪਣੀ ਆਵਾਜ਼ ਵਿੱਚ ਮੁਹੰਮਦ ਰਫ਼ੀ ਦੇ ਗਾਏ ਗਾਣੇ ਦਰਸ਼ਕਾਂ ਦੇ ਰੂਬਰੂ ਕਰਨਗੇ। ਇੰਟਰਨੈਸ਼ਨਲ ਕੌਂਸਲ ਆਫ ਆਰਟਸ ਕੈਨੇਡਾ ਦੇ ਪ੍ਰੈਜੀਡੈਂਟ ਸ਼ੋਏਬ ਨਾਸੀਰ ਅਤੇ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਵੱਲੋਂ ਇਸ ਸਮਾਰੋਹ ਵਿੱਚ ਸ਼ਾਮਿਲ ਹੋਣ ਲਈ ਖੁੱਲਾ ਸੱਦਾ ਦਿੱਤਾ ਗਿਆ।



## ਖ਼ਤਰੇ 'ਚ ਜਸਟਿਨ ਟਰੂਡੋ ਦੀ ਕੁਰਸੀ ! 'ਆਪਣਿਆਂ' ਨੇ ਹੀ ਦਿੱਤਾ ਧੋਖਾ, ਬਚਣ ਲਈ ਕੀ ਹੈ ਆਪਸ਼ਨ ?

ਨਵੀਂ ਦਿੱਲੀ ,21 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਕੈਨੇਡਾ 'ਚ ਅਗਲੇ ਸਾਲ ਅਕਤੂਬਰ 'ਚ ਫੈਡਰਲ ਚੋਣਾਂ ਹੋਣੀਆਂ ਹਨ ਪਰ ਇਸ ਤੋਂ ਪਹਿਲਾਂ ਵੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਵੱਡਾ ਝਟਕਾ ਲੱਗਾ ਹੈ। ਉਨ੍ਹਾਂ ਦੇ ਸਾਬਕਾ ਸਹਿਯੋਗੀ ਤੇ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਨੇਤਾ ਜਗਮੀਤ ਸਿੰਘ ਨੇ ਟਰੂਡੋ ਖਿਲਾਫ ਬੇਭਰੋਸਗੀ ਮਤਾ ਲਿਆਉਣ ਦਾ ਐਲਾਨ ਕਰ ਦਿੱਤਾ ਹੈ।



ਜਸਟਿਨ ਟਰੂਡੋ ਦੀ ਲੋਕਪ੍ਰਿਅਤਾ ਕੈਨੇਡਾ 'ਚ ਲਗਾਤਾਰ ਘਟ ਰਹੀ ਹੈ। ਓਪੀਨੀਅਨ ਪੋਲ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਨੂੰ ਕਰਾਰੀ ਹਾਰ ਦੀ ਭਵਿੱਖਬਾਣੀ ਕਰਦੇ ਹਨ। ਹੁਣ ਬੇਭਰੋਸਗੀ ਮਤੇ ਦਾ ਐਲਾਨ ਜਸਟਿਨ ਟਰੂਡੋ ਲਈ ਦੋਹਰੇ ਝਟਕੇ ਵਾਂਗ ਹੈ।

ਟਰੂਡੋ ਦਾ ਪਹਿਲਾ ਵਿਕਲਪ ਅਸਤੀਫੇ ਦਾ ਹੈ। ਜੇਕਰ ਉਹ ਅਹੁਦਾ ਛੱਡ ਦਿੰਦੇ ਹਨ ਤਾਂ ਲਿਬਰਲ ਪਾਰਟੀ ਅੰਤਰਿਮ ਪ੍ਰਧਾਨ ਮੰਤਰੀ ਨੂੰ ਵਾਗਡੋਰ ਸੌਂਪ ਸਕਦੀ ਹੈ। ਇਸ ਤੋਂ ਬਾਅਦ ਪਾਰਟੀ ਆਗੂਆਂ ਦੀ ਮੀਟਿੰਗ 'ਚ ਸਰਬਸੰਮਤੀ ਨਾਲ ਨਵੇਂ ਚਿਹਰੇ ਦੀ ਚੋਣ ਕੀਤੀ ਜਾ ਸਕਦੀ ਹੈ। ਕਿਉਂਕਿ ਟਰੂਡੋ ਦੀ ਅਗਵਾਈ ਹੇਠ ਚੋਣ ਲੜਨਾ ਪਾਰਟੀ ਲਈ ਮਾੜੇ ਨਤੀਜਿਆਂ ਵਾਲਾ ਫੈਸਲਾ ਸਾਬਤ ਹੋ ਸਕਦਾ ਹੈ।

ਜਸਟਿਨ ਟਰੂਡੋ ਕਈ ਵਾਰ ਕਹਿ ਚੁੱਕੇ ਹਨ ਕਿ ਉਹ ਅਸਤੀਫਾ ਨਹੀਂ ਦੇਣਗੇ। ਅਜਿਹੀ ਸਥਿਤੀ 'ਚ ਉਨ੍ਹਾਂ ਨੂੰ ਜਬਰਨ ਅਹੁਦੇ ਤੋਂ ਹਟਾਉਣ ਦਾ ਦੂਜਾ ਵਿਕਲਪ ਹੈ। ਹਾਲਾਂਕਿ, ਲਿਬਰਲ ਪਾਰਟੀ 'ਚ ਟਰੂਡੋ ਨੂੰ ਹਟਾਉਣ ਲਈ ਕੋਈ ਅਧਿਕਾਰਤ ਨਿਯਮ-ਕਾਇਦੇ ਨਹੀਂ ਹਨ। ਪਰ ਉਨ੍ਹਾਂ ਦੇ ਕੈਬਨਿਟ ਮੈਂਬਰ ਉਨ੍ਹਾਂ ਨੂੰ ਅਹੁਦਾ ਛੱਡਣ ਲਈ ਕਹਿ ਸਕਦੇ ਹਨ।

ਇਨ੍ਹਾਂ ਦੋ ਵਿਕਲਪਾਂ ਤੋਂ ਇਲਾਵਾ ਤੀਜਾ ਵਿਕਲਪ ਸਰਕਾਰ ਡਿੱਗ ਜਾਣ ਦਾ ਹੈ। ਕੈਨੇਡਾ ਦੇ ਹਾਊਸ ਆਫ ਕਾਮਨਜ਼ 'ਚ ਬਜਟ ਅਤੇ ਹੋਰ ਖਰਚਿਆਂ ਲਈ ਸਦਨ ਦਾ ਵਿਸ਼ਵਾਸ ਹਾਸਲ ਕਰਨਾ ਹੁੰਦਾ ਹੈ। ਅਜਿਹੇ 'ਚ ਜੇਕਰ ਇੱਥੇ ਵੋਟਾਂ ਪਈਆਂ ਤਾਂ ਸਰਕਾਰ ਡਿੱਗ ਸਕਦੀ ਹੈ।

ਕੈਨੇਡਾ 'ਚ ਸੱਤਾ ਦੀ ਸੁਪਰੀਮ ਪਾਵਰ ਗਵਰਨਰ ਜਨਰਲ ਦੇ ਹੱਥਾਂ 'ਚ ਹੁੰਦੀ ਹੈ। ਉਸਨੂੰ ਕਿੰਗ ਚਾਰਲਸ ਦਾ ਪ੍ਰਤੀਨਿਧੀ ਮੰਨਿਆ ਜਾਂਦਾ ਹੈ। ਗਵਰਨਰ ਜਨਰਲ ਮੈਰੀ ਸਿਮੋਨ ਵੀ ਟਰੂਡੋ ਨੂੰ ਉਨ੍ਹਾਂ ਦੇ ਅਹੁਦੇ ਤੋਂ ਹਟਾ ਸਕਦੀ ਹੈ। ਹਾਲਾਂਕਿ, ਜੇਕਰ ਟਰੂਡੋ ਸਦਨ 'ਚ ਬਹੁਮਤ ਸਾਬਤ ਕਰਨ 'ਚ ਕਾਮਯਾਬ ਹੋ ਜਾਂਦੇ ਹਨ, ਤਾਂ ਮੈਰੀ ਸਿਮੋਨ ਦੇ ਅਜਿਹਾ ਕਰਨ ਦੀ ਸੰਭਾਵਨਾ ਨਾ ਬਰਾਬਰ ਹੈ।

ਜਸਟਿਨ ਟਰੂਡੋ ਦੀ ਸਰਕਾਰ ਪਹਿਲਾਂ ਹੀ ਘੱਟ ਗਿਣਤੀ 'ਚ ਹੈ। ਇਸ ਤੋਂ ਪਹਿਲਾਂ ਇਸ ਨੂੰ ਜਗਮੀਤ ਸਿੰਘ ਦੀ ਨਿਊ ਡੈਮੋਕ੍ਰੇਟਿਕ ਪਾਰਟੀ ਦਾ ਸਮਰਥਨ ਹਾਸਲ ਸੀ। ਪਰ ਹੁਣ ਜੇਕਰ ਟਰੂਡੋ ਚਾਹੁਣ ਤਾਂ ਉਹ ਦੂਜੀਆਂ ਪਾਰਟੀਆਂ ਤੋਂ ਸਮਰਥਨ ਹਾਸਲ ਕਰ ਸਕਦੇ ਹਨ। ਕੈਨੇਡਾ 'ਚ ਇਕ ਮਹੀਨੇ ਦੀਆਂ ਸਰਦੀਆਂ ਦੀ ਛੁੱਟੀ ਤੋਂ ਬਾਅਦ 27 ਜਨਵਰੀ ਨੂੰ ਸੰਸਦ ਦਾ ਸੈਸ਼ਨ ਸ਼ੁਰੂ ਹੋਵੇਗਾ।

## ਬਰੈਂਪਟਨ ਕੈਸ਼ ਐਂਡ ਕੈਰੀ ਦੀ ਧਮਾਲ ਆਫ਼ਰ, ਖਰੀਦਦਾਰੀ ਕਰੋ ਇਨਾਮ ਜਿੱਤੋ

ਬਰੈਂਪਟਨ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਬਰੈਂਪਟਨ ਕੈਸ਼ ਐਂਡ ਕੈਰੀ (100 ਕੈਨੇਡੀ ਰੋਡ) ਵੱਲੋਂ ਕ੍ਰਿਸਮਸ ਅਤੇ ਨਵੇਂ ਸਾਲ ਦੇ ਮੌਕੇ ਤੇ ਖਰੀਦਦਾਰਾਂ ਲਈ ਧਮਾਲ ਆਫਰ ਲੈ ਕੇ ਆਇਆ। ਇਸ ਆਫ਼ਰ ਦੇ ਤਹਿਤ ਤੁਹਾਡੇ ਵੱਲੋਂ ਕੀਤੀ ਗਈ ਖਰੀਦਦਾਰੀ ਤੇ ਤੁਹਾਨੂੰ 5 ਤਰਾਂ ਦੇ ਇਨਾਮ ਜਿਵੇਂ 65 ਇੰਚ ਐਲ.ਈ.ਡੀ ਟੀ.ਵੀ, ਮਾਈਕ੍ਰੋਵੇਵ, ਮਿਕਸਰ ਗਰਾਇੰਡਰ, ਫੂਡ ਪ੍ਰੋਸੈਸਰ, ਇਲੈਕਟ੍ਰਿਕ ਪ੍ਰੈਸ ਜਿੱਤਣ ਦਾ ਮੌਕਾ ਮਿਲੇਗਾ, ਤਾਂ ਫਿਰ ਦੇਰੀ ਕਿਸ ਗੱਲ ਦੀ ਤੁਰੰਤ ਬਰੈਂਪਟਨ ਕੈਸ਼ ਐਂਡ ਕੈਰੀ ਦੇ 100 ਕੈਨੇਡੀ ਰੋਡ ਸਥਿਤ ਆਊਟਲੈੱਟ ਤੇ ਪਹੁੰਚੋ ਤੇ ਖਰੀਦਦਾਰੀ ਕਰਕੇ ਆਪਣਾ ਫੋਨ ਨੰਬਰ ਰਜਿਸਟਰਡ ਕਰੋ। ਇਸ ਆਫ਼ਰ ਤਹਿਤ 31 ਦਸੰਬਰ ਨੂੰ ਡਰਾਅ ਕੱਢੇ ਜਾਣਗੇ।

## ਚਮਕੌਰ ਸਾਹਿਬ 'ਚ ਤਿੰਨ ਰੋਜ਼ਾ ਸ਼ਹੀਦੀ ਜੋੜ ਮੇਲਾ ਸ਼ੁਰੂ



ਚਮਕੌਰ ਸਾਹਿਬ,21 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਗੁਰੂ ਗੋਬਿੰਦ ਸਿੰਘ ਦੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਸਣੇ ਚਮਕੌਰ ਦੀ ਗੜ੍ਹੀ ਦੇ ਸ਼ਹੀਦਾਂ ਨੂੰ ਸਮਰਪਿਤ ਸਾਲਾਨਾ ਤਿੰਨ ਰੋਜ਼ਾ ਸ਼ਹੀਦੀ ਜੋੜ ਮੇਲ ਅੱਜ ਸ਼ੁਰੂ ਹੋ ਗਿਆ ਹੈ। ਗੁਰਦੁਆਰਾ ਕਤਲਗੜ੍ਹ ਸਾਹਿਬ ਦੇ ਮੈਨੇਜਰ ਭਾਈ ਗੁਰਮੁੱਖ ਸਿੰਘ ਨੇ ਦੱਸਿਆ ਕਿ ਇੱਥੇ 22 ਦਸੰਬਰ ਦੇਰ ਰਾਤ ਤੱਕ ਦੀਵਾਨ ਸਜਣਗੇ। ਸਮਾਗਮ ਦੇ ਦੂਜੇ ਦਿਨ 21 ਦਸੰਬਰ ਨੂੰ ਸਿਆਸੀ ਕਾਨਫਰੰਸਾਂ ਹੋਣਗੀਆਂ। ਸਮਾਗਮ ਦੇ ਪਹਿਲੇ ਦਿਨ ਅੱਜ ਸ਼ਹਿਰ ਦੇ ਬਾਜ਼ਾਰਾਂ ਵਿੱਚ ਸੰਗਤ ਦੀ ਚਹਿਲ-ਪਹਿਲ ਰਹੀ। ਇਸ ਮੌਕੇ ਵੱਖ-ਵੱਖ ਪਿੰਡਾਂ ਤੋਂ ਨਗਰ ਕੀਰਤਨ ਵੀ ਇੱਥੇ ਪੁੱਜੇ ਜਿਨ੍ਹਾਂ ਦਾ ਪ੍ਰਬੰਧਕਾਂ ਵੱਲੋਂ ਸਵਾਗਤ ਕੀਤਾ ਗਿਆ। ਸੰਗਤ ਵੱਲੋਂ ਥਾਂ-ਥਾਂ 'ਤੇ ਲੰਗਰ ਵੀ ਵਰਤਾਏ ਜਾ ਰਹੇ ਹਨ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ। ਜ਼ਿਲ੍ਹਾ ਪੁਲੀਸ ਮੁਖੀ ਗੁਰਲੀਨ ਸਿੰਘ ਖੁਰਾਣਾ, ਐੱਸਪੀ (ਐੱਚ) ਰਾਜਪਾਲ ਸਿੰਘ ਹੁੰਦਲ, ਡੀਐੱਸਪੀ ਮਨਜੀਤ ਸਿੰਘ ਔਲਖ ਸਿੰਘ ਅਤੇ ਥਾਣਾ ਮੁਖੀ ਰੋਹਿਤ ਸ਼ਰਮਾ ਖ਼ੁਦ ਨਿਗਰਾਨੀ ਕਰ ਰਹੇ ਹਨ।

ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੀ ਕਾਂਗਰਸੀ ਵਰਕਰਾਂ ਸਣੇ ਪੈਦਲ ਯਾਤਰਾ ਕਰ ਕੇ ਅੱਜ ਮੋਰਿੰਡਾ ਤੋਂ ਇੱਥੇ ਪਹੁੰਚੇ। ਇੱਥੇ ਟਿੱਪਰਾਂ ਕਾਰਨ ਜਾਮ ਲੱਗ ਰਹੇ ਹਨ।

ਇਸ ਦੌਰਾਨ ਸੀਨੀਅਰ ਅਕਾਲੀ ਆਗੂ ਅਮਨਦੀਪ ਸਿੰਘ ਮਾਂਗਟ ਦੀ ਅਗਵਾਈ ਹੇਠ ਵਫ਼ਦ ਨੇ ਐੱਸਡੀਐੱਮ ਅਮਰੀਕ ਸਿੰਘ ਸਿੱਧੂ ਨੂੰ ਮੰਗ ਪੱਤਰ ਦੇ ਕੇ ਸਕੂਲਾਂ ਵਿੱਚ ਛੁੱਟੀ ਕਰਨ ਦੀ ਮੰਗ ਕੀਤੀ ਸੀ। ਇਸ ਮਗਰੋਂ ਪ੍ਰਸ਼ਾਸਨ ਨੇ ਸ਼ਹੀਦੀ ਜੋੜ ਮੇਲ ਦੇ ਦਿਨਾਂ ਦੌਰਾਨ ਸਕੂਲਾਂ ਵਿੱਚ ਸਰਕਾਰੀ ਛੁੱਟੀ ਕਰ ਦਿੱਤੀ ਹੈ।



# ਟਰੰਪ ਦਾ ਵੱਡਾ ਫੈਸਲਾ...ਅਮਰੀਕਾ ਤੋਂ 18 ਹਜ਼ਾਰ ਭਾਰਤੀਆਂ ਨੂੰ ਭੇਜਣਗੇ ਵਾਪਸ, ਕੌਣ ਚੁੱਕੇਗਾ ਫਲਾਈਟ ਦਾ ਖਰਚਾ...

ਅਮਰੀਕਾ, 21 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ 20 ਜਨਵਰੀ 2025 ਨੂੰ ਅਹੁਦਾ ਸੰਭਾਲਣ ਤੋਂ ਬਾਅਦ ਅਮਰੀਕੀ ਇਤਿਹਾਸ ਵਿੱਚ ਸਭ ਤੋਂ ਵੱਡਾ ਦੇਸ਼ ਨਿਕਾਲੇ ਦਾ ਫੈਸਲਾ ਕੀਤਾ ਹੈ। ਜਾਣਕਾਰੀ ਮੁਤਾਬਕ ਇਸ ਦੀ ਤਿਆਰੀ ਲਈ ਯੂਐਸ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ਆਈਸੀਈ) ਨੇ ਦੇਸ਼ ਨਿਕਾਲੇ ਲਈ ਕਰੀਬ 15 ਲੱਖ ਵਿਅਕਤੀਆਂ ਦੀ ਸੂਚੀ ਤਿਆਰ ਕੀਤੀ ਹੈ। ਇਨ੍ਹਾਂ ਵਿੱਚੋਂ 18 ਹਜ਼ਾਰ ਭਾਰਤੀ ਨਾਗਰਿਕ ਅਮਰੀਕੀ ਸਰਕਾਰ ਵੱਲੋਂ ਤਿਆਰ ਕੀਤੀ ਗਈ ਸੂਚੀ ਵਿੱਚ ਸ਼ਾਮਲ ਹਨ। ਤੁਹਾਨੂੰ ਦੱਸ ਦੇਈਏ ਕਿ ਚੋਣਾਂ ਦੌਰਾਨ ਸਖਤ ਇਮੀਗ੍ਰੇਸ਼ਨ ਨੀਤੀਆਂ ਦਾ ਐਲਾਨ ਕਰਨ ਵਾਲੇ ਡੋਨਾਲਡ ਟਰੰਪ 20 ਜਨਵਰੀ ਨੂੰ ਸਹੁੰ ਚੁੱਕਣ ਤੋਂ ਬਾਅਦ ਸਭ ਤੋਂ ਪਹਿਲਾਂ ਗੈਰ-ਕਾਨੂੰਨੀ ਪ੍ਰਵਾਸ 'ਤੇ ਕੰਮ ਕਰਨਗੇ। ਇਸ ਦੀ ਤਿਆਰੀ ਵਜੋਂ ਯੂਐਸ ਇਮੀਗ੍ਰੇਸ਼ਨ-ਕਸਟਮਜ਼ ਐਨਫੋਰਸਮੈਂਟ (ਆਈਸੀਈ) ਨੇ ਦੇਸ਼ ਨਿਕਾਲੇ ਲਈ ਲਗਭਗ 15 ਲੱਖ ਲੋਕਾਂ ਦੀ ਸੂਚੀ ਤਿਆਰ ਕੀਤੀ ਹੈ। ਇਨ੍ਹਾਂ ਵਿੱਚੋਂ ਕਰੀਬ 18 ਹਜ਼ਾਰ ਭਾਰਤੀਆਂ ਨੂੰ ਭਾਰਤ ਡਿਪੋਰਟ ਕੀਤੇ ਜਾਣ ਦਾ ਖ਼ਤਰਾ ਹੈ। ਹੁਣ ਸਵਾਲ ਇਹ ਹੈ ਕਿ ਇਨ੍ਹਾਂ ਸਾਰੇ ਭਾਰਤੀਆਂ ਦੇ ਭਾਰਤ ਵਾਪਸ ਆਉਣ ਦਾ ਖਰਚਾ ਕੌਣ ਅਦਾ ਕਰੇਗਾ।

**ਦੇਸ਼ ਨਿਕਾਲੇ ਦਾ ਖਰਚਾ ਕੌਣ ਚੁੱਕਦਾ ਹੈ?**

ਜਾਣਕਾਰੀ ਮੁਤਾਬਕ ਅਮਰੀਕੀ ਸਰਕਾਰ ਆਪਣੇ ਖਰਚੇ 'ਤੇ 18 ਹਜ਼ਾਰ ਭਾਰਤੀਆਂ ਨੂੰ ਵਾਪਸ ਭੇਜੇਗੀ। ਨਿਯਮ ਮੁਤਾਬਕ ਜੇਕਰ



ਕਿਸੇ ਨਾਗਰਿਕ ਨੂੰ ਕਿਸੇ ਦੇਸ਼ ਤੋਂ ਕੱਢ ਦਿੱਤਾ ਜਾਂਦਾ ਹੈ ਤਾਂ ਉਸ ਦੇਸ਼ ਦੀ ਸਰਕਾਰ ਉਸ ਨੂੰ ਵਾਪਸ ਭੇਜਣ ਦਾ ਖਰਚਾ ਚੁੱਕਦੀ ਹੈ। ਇੰਨਾ ਹੀ ਨਹੀਂ ਕਿਸੇ ਹੋਰ ਦੇਸ਼ ਨੂੰ ਭੇਜਣ ਤੱਕ ਖਾਣ-ਪੀਣਅਤੇ ਹੋਰ ਸਹੂਲਤਾਂ ਦਾ ਖਰਚਾ ਵੀ ਭੇਜਣ ਵਾਲਾ ਦੇਸ਼ ਖੁਦ ਚੁੱਕਦਾ ਹੈ। ਮਤਲਬ ਕਿ 18 ਹਜ਼ਾਰ ਭਾਰਤੀਆਂ ਨੂੰ ਵਾਪਸ ਭੇਜਣ ਦਾ ਖਰਚਾ ਅਮਰੀਕੀ ਸਰਕਾਰ ਚੁੱਕੇਗੀ। ਤੁਹਾਨੂੰ ਦੱਸ ਦੇਈਏ ਕਿ ਦੇਸ਼ ਨਿਕਾਲੇ ਦਾ ਖਰਚਾ ਉਸ ਦੇਸ਼ ਦੁਆਰਾ ਚੁੱਕਿਆ ਜਾਂਦਾ ਹੈ ਜਿੱਥੋਂ ਵਿਅਕਤੀ ਨੂੰ ਡਿਪੋਰਟ ਕੀਤਾ ਜਾ ਰਿਹਾ ਹੈ। ਇਸ ਦਾ ਮਤਲਬ ਹੈ ਕਿ ਜੇਕਰ ਭਾਰਤ ਤੋਂ ਕਿਸੇ ਵਿਅਕਤੀ ਨੂੰ ਪਾਕਿਸਤਾਨ ਡਿਪੋਰਟ ਕੀਤਾ ਜਾਂਦਾ ਹੈ, ਤਾਂ ਭਾਰਤ ਨੂੰ ਆਮ ਤੌਰ 'ਤੇ ਖਰਚਾ ਚੁੱਕਣਾ ਚਾਹੀਦਾ ਹੈ। ਕਿਸੇ ਦੇਸ਼ ਵਿੱਚ ਰਹਿਣ ਵਾਲੇ ਵਿਅਕਤੀ ਲਈ ਉਸ ਦੇਸ਼ ਦੇ ਕਾਨੂੰਨਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ। ਜੇਕਰ ਕੋਈ ਵਿਅਕਤੀ ਕਾਨੂੰਨ ਦੀ ਉਲੰਘਣਾ ਕਰਦਾ ਹੈ ਤਾਂ ਉਸ ਨੂੰ ਦੇਸ਼ ਛੱਡਣ ਲਈ ਕਿਹਾ ਜਾ ਸਕਦਾ ਹੈ।

# ਜਗਜੀਤ ਸਿੰਘ ਡੱਲੇਵਾਲ ਲਈ ਬਣਾਇਆ ਗਿਆ ਅਸਥਾਈ ਹਸਪਤਾਲ, ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਐਕਸ਼ਨ 'ਚ ਪੰਜਾਬ ਸਰਕਾਰ

ਪੰਜਾਬ-21 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਹਰਿਆਣਾ ਦੇ ਖਨੌਰੀ ਬਾਰਡਰ 'ਤੇ ਬੀਤੇ 25 ਦਿਨਾਂ ਤੋਂ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਜਾਰੀ ਹੈ। ਕਿਸਾਨ ਅੰਦੋਲਨ ਨੂੰ ਲੈ ਕੇ ਲਗਾਤਾਰ ਤੀਜੇ ਦਿਨ ਵੀ ਸੁਣਾਵਾਈ ਹੋਈ। ਇਸ ਦੌਰਾਨ ਸੁਪਰੀਮ ਕੋਰਟ ਨੂੰ ਪੰਜਾਬ ਸਰਕਾਰ ਦੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਨੇ ਜਗਜੀਤ ਸਿੰਘ ਡੱਲੇਵਾਲ ਦੀ ਰਿਪੋਰਟ ਪੇਸ਼ ਕੀਤੀ।

ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਪੰਜਾਬ ਸਰਕਾਰ ਐਕਸ਼ਨ ਮੋਡ ਵਿੱਚ ਨਜ਼ਰ ਆਇਆ। ਸਥਾਨਕ ਪ੍ਰਸ਼ਾਸਨ ਵੱਲੋਂ ਮੌਕੇ 'ਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਲਈ ਅਸਥਾਈ ਹਸਪਤਾਲ ਬਣਾਇਆ ਗਿਆ। ਪੰਜਾਬ ਸਰਕਾਰ ਦੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਨੇ ਕਿਹਾ ਕਿ ਜਗਜੀਤ ਡੱਲੇਵਾਲ ਦੀ ਸਿਹਤ ਵਿੱਚ ਸੁਧਾਰ ਹੈ। ਡੱਲੇਵਾਲ ਨੂੰ ਸਰਕਾਰ ਦੇ ਹੁਕਮਾਂ ਅਤੇ ਕਿਸਾਨਾਂ ਦੀ ਮਨਜ਼ੂਰੀ ਤੋਂ ਬਾਅਦ ਹਸਪਤਾਲ ਵਿੱਚ ਸ਼ਿਫਟ ਕਰ ਦਿੱਤਾ ਜਾਵੇਗਾ।

ਸੁਪਰੀਮ ਕੋਰਟ ਨੇ ਕਿਹਾ ਕਿ ਮੈਡੀਕਲ ਰਿਪੋਰਟ ਮੁਤਾਬਕ ਜਗਜੀਤ ਸਿੰਘ ਡੱਲੇਵਾਲ ਦੀ ਹਾਲਤ ਦਿਨੋਂ-ਦਿਨ ਵਿਗੜਦੀ ਜਾ ਰਹੀ ਹੈ। ਉਨ੍ਹਾਂ ਨੂੰ ਅਸਥਾਈ ਹਸਪਤਾਲ ਕਿਉਂ ਨਹੀਂ ਭੇਜਿਆ ਜਾ ਸਕਦਾ? ਉਨ੍ਹਾਂ ਦੀ ਸਿਹਤ ਦੀ ਸਥਿਰ ਸਥਿਤੀ ਨੂੰ ਯਕੀਨੀ ਬਣਾਉਣਾ ਪੰਜਾਬ ਦੀ ਜ਼ਿੰਮੇਵਾਰੀ ਹੈ। ਜੇਕਰ ਉਨ੍ਹਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਉਣ ਦੀ ਲੋੜ ਹੈ ਤਾਂ ਅਧਿਕਾਰੀ ਫੈਸਲਾ ਲੈਣਗੇ। ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 2 ਜਨਵਰੀ ਨੂੰ ਹੋਵੇਗੀ।




## ਸਰਕਾਰ ਨੇ 4 ਡਾਕਟਰਾਂ ਦੀ ਟੀਮ ਬਣਾਈ

ਇਸ ਤੋਂ ਪਹਿਲਾਂ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਰਿਪੋਰਟ ਪੇਸ਼ ਕਰਨ ਲਈ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਦੇ 4 ਡਾਕਟਰਾਂ ਦੀ ਟੀਮ ਬਣਾਈ ਸੀ। ਉਨ੍ਹਾਂ ਨੇ ਵੀਰਵਾਰ ਨੂੰ ਖਨੌਰੀ ਬਾਰਡਰ ਪਹੁੰਚ ਕੇ ਡੱਲੇਵਾਲ ਦੇ ਖੂਨ ਦੇ ਨਮੂਨੇ ਲਏ। ਈ.ਸੀ.ਜੀ. ਇਸ ਦੀ ਰਿਪੋਰਟ ਅਦਾਲਤ ਵਿੱਚ ਪੇਸ਼ ਕੀਤੀ ਗਈ।

ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਫਸਲਾਂ ਦੀ ਖਰੀਦ 'ਤੇ ਘੱਟੋ-ਘੱਟਸਮਰਥਨ ਮੁੱਲ (ਐੱਮ. ਐੱਸ. ਪੀ.) ਦੀ ਗਰੰਟੀ ਦੇਣ ਲਈ ਕਾਨੂੰਨ ਬਣਾਉਣ ਦੀ ਮੰਗ ਕਰ ਰਹੇ ਹਨ। ਇਸ ਦੌਰਾਨ ਡੱਲੇਵਾਲ ਨੇ ਸੁਪਰੀਮ ਕੋਰਟ ਨੂੰ ਪੱਤਰ ਲਿਖ ਕੇ 6 ਮੁੱਦੇ ਚੁੱਕੇ ਹਨ। ਇਸ ਵਿੱਚ ਦੋਸ਼ ਲਾਇਆ ਗਿਆ ਕਿ ਕੇਂਦਰ ਸਰਕਾਰ ਨੇ 2020-21 ਵਿੱਚ ਅੰਦੋਲਨ ਦੌਰਾਨ ਮੰਨੀਆਂ ਗਈਆਂ ਮੰਗਾਂ ਨੂੰ ਪੂਰਾ ਨਹੀਂ ਕੀਤਾ।











BRAMPTON
CASH & CARRY
Importer | Wholesaler | Retailer
CHRISTMAS
&
NEW YEAR
DHAMAAL
SHOPPING KARO TE REGISTER KARKE
PARTICIPATE KARO IN THE LUCKY
DRAW AND WIN EXCITING PRIZES
100 Kennedy Rd S,
Brampton, ON L6W 3E7, Canada
DRAW DATE
31ST DEC.2024
905-230-4800

# ਗੁਰੂ ਗੋਬਿੰਦ ਸਿੰਘ ਜੀ ਵੱਲੋਂ ਅਨੰਦਪੁਰੀ ਨੂੰ ਸਦਾ ਲਈ ਛੱਡ ਜਾਣ ਦੀ ਯਾਦ ਦੁਆਉਂਦਾ ਹੈ ਦਸਮੇਸ਼ ਪੈਦਲ ਮਾਰਚ

ਸ੍ਰੀ ਅਨੰਦਪੁਰ ਸਾਹਿਬ,21 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਅਲੌਕਿਕ ਦਸਮੇਸ਼ ਪੈਦਲ ਮਾਰਚ 20-21 ਦਸੰਬਰ, 6-7 ਪੋਹ ਦੀ ਰਾਤ ਨੂੰ ਰਵਾਨਾ ਹੋਵੇਗਾ। ਅਲੌਕਿਕ ਦਸਮੇਸ਼ ਪੈਦਲ ਮਾਰਚ ਅੱਜ ਤੋਂ 30 ਸਾਲ ਪਹਿਲਾਂ ਦਾ ਸਮਾਂ ਸੀ ਜਦੋਂ ਹੱਡ ਚੀਰਦੀ ਠੰਢ 'ਚ ਸਵੇਰੇ ਤੜਕਸਾਰ ਜਦੋਂ ਦਿਲ ਨੂੰ ਟੁੰਬਣ ਵਾਲੀਆਂ ਸ਼ਹੀਦੀ ਕਵਿਤਾਵਾਂ ਦੀ ਆਵਾਜ਼ ਕੰਨੀ ਪੈਂਦੀ ਸੀ। ਲੋਕ ਭਾਵੇ ਉਸ ਸਮੇਂ ਰਜਾਈਆਂ ਦਾ ਨਿੱਘ ਮਾਣਦੇ ਹੁੰਦੇ ਸੀ ਪਰ ਦੂਰ-ਦੁਰਾਡੇ ਤੋਂ ਇਕ ਸੰਤ ਬਿਰਤੀ ਬਾਬਾ ਜੋਰਾ ਸਿੰਘ ਲੱਖਾ ਆਪਣੇ ਸਾਥੀਆਂ ਸਮੇਤ ਕਿਲ੍ਹਾ ਅਨੰਦਗੜ੍ਹ ਸਾਹਿਬ ਦੀ ਮਿੱਟੀ ਨੂੰ ਮੱਥੇ ਨਾਲ ਲਗਾ ਕੇ ਇਥੋਂ ਇਕ ਕਾਫਲੇ ਦੇ ਰੂਪ ਵਿਚ ਚਲ ਕੇ ਸਰਬੰਸਦਾਨੀ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਦਾ ਸਦਾ ਲਈ ਇਸ ਅਨੰਦਪੁਰੀ ਨੂੰ ਛੱਡ ਕੇ ਚਲੇ ਜਾਣ ਦੀ ਯਾਦ ਤਾਜ਼ਾ ਕਰਦਿਆਂ ਉਸੇ ਰਸਤੇ 'ਤੇ ਚਲਦੇ ਹੋਏ ਮਹਿੰਦਿਆਣਾ ਸਾਹਿਬ ਤੱਕ ਪੈਦਲ ਮਾਰਚ ਕਰਦੇ ਸਨ। ਅੱਜ ਇਸੇ ਪੈਦਲ ਮਾਰਚ 'ਚ ਹਜ਼ਾਰਾਂ ਨਹੀਂ ਸਗੋਂ ਲੱਖਾਂ ਦੀ ਗਿਣਤੀ ਵਿਚ ਸੰਗਤ ਗੁਰੂ ਪਾਤਸ਼ਾਹ ਵੱਲੋਂ ਇਸ ਧਰਤੀ 'ਤੇ ਕੀਤੇ ਗਏ ਪਰਉਪਕਾਰਾਂ ਨੂੰ ਯਾਦ ਕਰਦਿਆਂ ਕਾਫਲੇ ਦੇ ਰੂਪ ਵਿਚ ਸ਼ਹੀਦੀ ਕਵਿਤਾਵਾਂ ਰਾਹੀਂ ਗੁਰੂ ਸਾਹਿਬ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦੀਆਂ ਹਨ।

30ਵਾਂ ਅਲੌਕਿਕ ਦਸਮੇਸ਼ ਪੈਦਲ ਮਾਰਚ 20-21 ਦਸੰਬਰ, 6-7ਪੋਹ ਦੀ ਰਾਤ ਨੂੰ ਰਵਾਨਾ ਹੋਵੇਗਾ, ਜੇਕਰ ਇਥੋਂ ਦੇ ਇਤਹਾਸ ਵੱਲ ਨਜ਼ਰ ਮਾਰੀਏ ਤਾਂ ਗੁਰੂ ਨਗਰੀ ਵਿਚ ਸੁਭਾਇਮਾਨ ਪਾਵਨ ਕਿਲ੍ਹਾ ਅਨੰਦਗੜ੍ਹ ਸਾਹਿਬ ਉਨ੍ਹਾਂ ਵੈਰਾਗਮਈ ਪਲਾਂ ਦੀ ਯਾਦ ਤਾਜ਼ਾ ਕਰਾਉਂਦਾ ਹੈ ਜੋ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਪਣੇ ਪਰਿਵਾਰ ਸਮੇਤ ਇਸ ਕਿਲ੍ਹੇ ਨੂੰ ਛੱਡਣ ਮੋਕੇ ਹੰਢਾਏ ਗਏ ਸਨ। ਇਥੋਂ ਦਾ ਇਤਹਾਸ ਦਰਸਾਉਂਦਾ ਕਿ ਇਸ ਕਿਲ੍ਹੇ ਨੂੰ ਪਹਾੜੀ ਰਾਜਿਆਂ ਅਤੇ ਮੁਗਲ ਫੌਜਾਂ ਨੇ ਲਗਪਗ 14 ਵਾਰ ਘੇਰਾ ਪਾਇਆ ਪਰ ਹਰ ਵਾਰ ਉਨ੍ਹਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਕਿਲ੍ਹਾ ਅਨੰਦਗੜ੍ਹ ਸਾਹਿਬ ਨੂੰ ਪਾਇਆ ਗਿਆ ਘੇਰਾ ਬਹੁਤ ਲੰਮਾ ਸਮਾ ਰਿਹਾ, ਜਿਸ ਕਰ ਕੇ ਮੁਗਲਾਂ ਅਤੇ ਪਹਾੜੀ ਰਾਜਿਆਂ ਨੇ ਨਮੋਸ਼ੀ ਬਚਣ ਲਈ ਗੁਰੂ ਸਾਹਿਬ ਨੂੰ ਕਿਲ੍ਹਾ ਖਾਲੀ ਕਰਨ ਦੀਆਂ ਬੇਨਤੀਆਂ ਕੀਤੀਆਂ। ਉਨ੍ਹਾਂ ਆਪਣੇ ਧਾਰਮਿਕ ਗ੍ਰੰਥਾਂ ਦੀਆਂ ਕਸਮਾਂ ਖਾਧੀਆਂ ਕਿ ਕਿਲ੍ਹਾ ਖਾਲੀ ਕਰ ਜਾਣ ਦੀ ਸੂਰਤ 'ਚ ਗੁਰੂ ਸਾਹਿਬ ਅਤੇ ਸਿੰਘਾਂ ਨੂੰ ਸੁਰੱਖਿਅਤ ਜਾਣ ਦਿਤਾ ਜਾਵੇਗਾ ਪਰ ਜਦੋਂ ਗੁਰੂ ਸਾਹਿਬ ਨੇ 6 ਅਤੇ 7 ਪੋਹ, 21,22 ਦਸੰਬਰ ਸੰਨ 1704 ਵਿਚਲੀ ਰਾਤ ਨੂੰ ਕਿਲ੍ਹਾ ਛੱਡਿਆ ਤਾਂ ਮੁਗਲਾਂ ਅਤੇ ਪਹਾੜੀ ਰਾਜਿਆਂ ਨੇ ਧੋਖਾ ਕਰ ਕੇ ਹਮਲਾ ਕਰ ਦਿਤਾ। ਇਸ ਪਾਵਨ ਅਸਥਾਨ ਤੋਂ ਗੁਰੂ ਸਾਹਿਬ ਆਪਣੇ ਪਰਿਵਾਰ ਮਾਤਾ ਜੀ, ਮਹਿਲਾਂ, ਸਾਹਿਬਜ਼ਾਦਿਆਂ ਅਤੇ ਹੋਰ ਸਿੰਘਾਂ ਨਾਲ ਸਦਾ ਲਈ ਅਨੰਦਪੁਰੀ ਨੂੰ ਛੱਡ ਕੇ ਚਲੇ ਗਏ ਸਨ। ਅੱਜ ਵੀ ਇਸ ਕਿਲ੍ਹੇ ਦੀ ਉਸਾਰੀ ਸਦਾ ਸਦਾ ਲਈ ਅਨੰਦਪੁਰੀ ਨੂੰ ਛੱਡ ਕੇ ਚਲੇ ਗਏ ਸਨ। ਅੱਜ ਵੀ ਇਸ ਕਿਲ੍ਹੇ ਦੀ ਉਸਾਰੀ ਨੂੰ ਦੇਖ ਕੇ



ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਗੁਰੂ ਸਾਹਿਬ ਨੇ ਦੂਰ ਅੰਦੇਸ਼ੀ ਸੋਚ ਅਤੇ ਹਾਲਾਤਾਂ ਦੇ ਮੱਦੇਨਜ਼ਰ ਇਸ ਦੀ ਉਸਾਰੀ ਬੜੇ ਸੁਚੱਜੇ ਤਰੀਕੇ ਨਾਲ ਕਰਵਾਈ।

ਉਚੀ ਜਗਹਾ ਬਣੇ ਇਸ ਕਿਲੇ ਵਿਚੋਂ ਸਿੰਘਾਂ ਵੱਲੋਂ ਦੁਸ਼ਮਣ ਫ਼ੌਜਾਂ ਦਾ ਮੁਕਾਬਲਾ ਕਰਨ ਲਈ ਕੀਤੀ ਗਈ ਤੇ ਵਿਉਂਤਬੰਦੀ ਦੇਖ ਕੇ ਅਚੰਭਾ ਹੁੰਦਾ ਹੈ। ਇਹੀ ਕਾਰਨ ਸੀ ਕਿ ਲੰਮਾ ਸਮਾ ਘੇਰਾ ਰਹਿਣ ਦੇ ਬਾਵਜੂਦ ਸਿੰਘ ਦੁਸ਼ਮਣ ਦਾ ਮੁਕਾਬਲਾ ਕਰਦੇ ਰਹੇ ਪਰ ਦੁਸ਼ਮਨ ਨੂੰ ਕਿਲ੍ਹੇ ਦੇ ਨੇੜੇ ਨਾ ਆਉਣ ਦਿਤਾ। ਇਸੇ ਪਾਵਨ ਅਸਥਾਨ ਤੇ ਪਾਣੀ ਦੀ ਲੋੜ ਨੂੰ ਦੇਖਦਿਆਂ ਬਉਲੀ ਦਾ ਨਿਰਮਾਣ ਆਉਣ ਦਿਤਾ। ਪਹਿਲਾਂ ਇਸ ਬਉਲੀ ਦੀ ਸੇਵਾ ਮਹਾਨ ਜਰਨੈਲ ਜੱਸਾ ਸਿੰਘ ਆਹਲੂਵਾਲੀਆ ਨੇ ਕਰਵਾਈ ਸੀ ਤੇ ਫਿਰ ਬਾਬਾ ਸੇਵਾ ਸਿੰਘ ਵੱਲੋਂ ਕਾਰ ਸੇਵਾ ਰਾਹੀਂ ਇਸ ਦੀ ਮੁਰੰਮਤ ਕਰਵਾ ਕਰਵਾਈ ਸੀ ਤੇ ਇਸ ਉਤੇ ਸੰਗਮਰਮਰ ਲਗਵਾ ਦਿੱਤਾ ਗਿਆ ਸੀ। ਇਥੋਂ ਦਾ ਪ੍ਰਬੰਧ ਸ੍ਰੋਮਣੀ ਗੁਰਦੁਆਰਾ ਦੇ ਅਧੀਨ ਹੈ, ਜਦੋਂ ਕਿ ਗੁਰੂ ਕੇ ਲੰਗਰ ਅਤੇ ਇਮਾਰਤਾਂ ਦੀ ਸੇਵਾ ਸੰਤ ਪ੍ਰਬੰਧਕ ਕਮੇਟੀ ਦੇ ਅਧੀਨ ਹੈ, ਜਦੋਂ ਕਿ ਗੁਰੂ ਕੇ ਲੰਗਰ ਅਤੇ ਇਮਾਰਤਾਂ ਦੀ ਸੇਵਾ ਸੰਤ ਬਾਬਾ ਸੁੱਚਾ ਸਿੰਘ ਨਿਭਾ ਰਹੇ ਹਨ।

ਦੱਸਣਯੋਗ ਹੈ ਕਿ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਗੁ: ਮੈਹਦੇਆਣਾ ਸਾਹਿਬ ਦੇ ਮਰਹੂਮ ਮੁੱਖ ਪ੍ਰਬੰਧਕ ਬਾਬਾ ਜੋਰਾ ਸਿੰਘ ਲੱਖਾ ਵੱਲੋਂ ਪਿਛਲੇ ਲੰਮੇ ਸਮੇ ਤੋਂ ਇਸ ਪਾਵਨ ਇਤਹਾਸਕ ਪਲਾਂ ਦੀ ਯਾਦਗਾਰ ਨੂੰ ਤਾਜ਼ਾ ਕਰਦਾ ਪੈਦਲ ਦਾ ਅਯੋਜਨ ਕੀਤਾ ਗਿਆ ਸੀ ਜੋ ਅੰਮ੍ਰਿਤ ਵੇਲੇ ਕਿਲ੍ਹਾ ਅਨੰਦਗੜ੍ਹ ਸਾਹਿਬ ਤੋਂ ਅਰੰਭ ਹੁੰਦਾ ਹੈ। ਇਸ ਪੈਦਲ ਮਾਰਚ ਦੀ ਕੀਤੀ ਸ਼ੁਰੂਆਤ ਨੂੰ ਅੱਗੇ ਤੋਰਦਿਆਂ ਉਨ੍ਹਾਂ ਦੇ ਪੋਤਰੇ ਅਤੇ ਮੌਜੂਦਾ ਮੁੱਖ ਪ੍ਰਬੰਧਕ ਬਾਬਾ ਕੁਲਵੰਤ ਸਿੰਘ ਲੱਖਾ ਵੱਲੋਂ ਹਰ ਸਾਲ ਇਹ ਮਾਰਚ ਕਢ ਕੇ ਉਸ ਮਹਾਨ ਇਤਹਾਸਕ ਘਟਨਾ ਦੀ ਯਾਦ ਸਿੱਖ ਸੰਗਤਾਂ ਦੇ ਮਨਾਂ ਵਿਚ ਤਾਜ਼ਾ ਕਰਵਾਈ ਜਾਂਦੀ ਹੈ ਤੇ ਇਸ ਮਾਰਚ ਵਿਚ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਕ ਹਾਜ਼ਰੀ ਭਰਦੇ ਹਨ।












# ਅਮਰੀਕਾ-ਯੂਰਪ ਪੈਟਰੋਲ ਅਤੇ ਡੀਜ਼ਲ 'ਤੇ ਕਿਉਂ ਦਿੰਦੇ ਹਨ ਸਬਸਿਡੀ, ਹਰ ਸਾਲ ਖਰਚ ਹੁੰਦੇ ਹਨ ਅਰਬਾਂ ਡਾਲਰ

ਅਮਰੀਕਾ, 21 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਭਾਰਤ ਸਮੇਤ ਦੁਨੀਆ ਭਰ ਦੇ ਦੇਸ਼ਾਂ 'ਚ ਈਂਧਨ 'ਤੇ ਸਬਸਿਡੀ ਵਧ ਰਹੀ ਹੈ। ਇਸ ਦਾ ਕਾਰਨ ਜੈਵਿਕ ਇੰਧਨ ਕਾਰਨ ਹੋਣ ਵਾਲੇ ਜਲਵਾਯੂ ਪਰਿਵਰਤਨ ਨੂੰ ਰੋਕਣਾ ਹੈ। ਇਸ ਦੇ ਲਈ ਵਿਕਸਤ ਦੇਸ਼ਾਂ ਨੇ ਵਿਕਾਸਸ਼ੀਲ ਦੇਸ਼ਾਂ ਨੂੰ ਵੱਡੀਆਂ ਸਬਸਿਡੀਆਂ ਦੇਣ ਦੀ ਗੱਲ ਕੀਤੀ ਹੈ । ਪੈਟਰੋਲ ਅਤੇ ਡੀਜ਼ਲ ਲਗਭਗ 100 ਰੁਪਏ 'ਚ ਮਿਲ ਰਿਹਾ ਹੈ, ਜੋ ਕਾਫੀ ਮਹਿੰਗਾ ਮੰਨਿਆ ਜਾਂਦਾ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ ਇਸ ਕੀਮਤ 'ਤੇ ਵੀ ਸਰਕਾਰ ਨੂੰ ਭਾਰੀ ਸਬਸਿਡੀ ਦੇਣੀ ਪੈਂਦੀ ਹੈ। ਵਿਕਸਿਤ ਦੇਸ਼ਾਂ ਨੇ ਇਸ 'ਤੇ ਅਰਬਾਂ ਡਾਲਰ ਖਰਚ ਕੀਤੇ ਹਨ। ਇੰਟਰਨੈਸ਼ਨਲ ਇੰਸਟੀਚਿਊਟ ਫਾਰ ਸਸਟੇਨੇਬਲ ਡਿਵੈਲਪਮੈਂਟ ਨੇ ਹਾਲ ਹੀ ਦੇ ਅੰਕੜਿਆਂ 'ਚ ਕਿਹਾ ਹੈ ਕਿ ਵਿਕਸਿਤ ਦੇਸ਼ਾਂ ਨੇ 2023 'ਚ ਜੈਵਿਕ ਈਂਧਨ 'ਤੇ ਸਬਸਿਡੀ ਦੇਣ 'ਤੇ 378 ਅਰਬ ਡਾਲਰ (ਲਗਭਗ 30 ਲੱਖ ਕਰੋੜ ਰੁਪਏ) ਖਰਚ ਕੀਤੇ ਹਨ। ਵਿਕਾਸਸ਼ੀਲ ਦੇਸ਼ਾਂ ਨੇ ਜਲਵਾਯੂ ਪਰਿਵਰਤਨ ਨਾਲ ਨਜਿੱਠਣ ਲਈ ਵਿਕਾਸਸ਼ੀਲ ਦੇਸ਼ਾਂ ਨੂੰ 2035 ਤੱਕ ਹਰ ਸਾਲ 300 ਬਿਲੀਅਨ ਡਾਲਰ ਦੀ ਰਾਸ਼ੀ ਦੇਣ ਲਈ ਵਚਨਬੱਧ ਕੀਤਾ ਹੈ। ਇਹ ਰਕਮ ਵਿਕਸਤ ਦੇਸ਼ਾਂ ਵੱਲੋਂ ਕੀਤੀ ਗਈ ਵਚਨਬੱਧਤਾ ਤੋਂ ਕਿਤੇ ਵੱਧ ਹੈ। ਜੈਵਿਕ ਇੰਧਨ ਲਈ ਸਰਕਾਰੀ ਸਹਾਇਤਾ 2023 ਤੱਕ ਘੱਟੋ-ਘੱਟ 1.5 ਬਿਲੀਅਨ ਤੱਕ ਪਹੁੰਚ ਸਕਦੀ ਹੈ। ਇਹ 2022 ਤੋਂ ਬਾਅਦ ਦੂਜਾ ਸਭ ਤੋਂ ਵੱਡਾ ਸਾਲਾਨਾ ਸਮਰਥਨ ਹੋਵੇਗਾ।

**ਸਭ ਤੋਂ ਵੱਧ ਸਬਸਿਡੀ ਦੇਣ ਵਾਲੇ ਦੇਸ਼**

ਸਾਲ 2023 ਵਿੱਚ ਜੈਵਿਕ ਈਂਧਨ ਉੱਤੇ ਸਬਸਿਡੀ ਦੇਣ ਵਾਲੇ 10 ਸਭ ਤੋਂ ਵੱਡੇ ਦੇਸ਼ਾਂ ਵਿੱਚ ਰੂਸ, ਜਰਮਨੀ, ਇਰਾਨ, ਚੀਨ, ਜਾਪਾਨ, ਭਾਰਤ, ਸਾਊਦੀ ਅਰਬ, ਨੀਦਰਲੈਂਡ, ਫਰਾਂਸ ਅਤੇ ਇੰਡੋਨੇਸ਼ੀਆ ਸ਼ਾਮਲ ਹਨ। ਅੰਕੜਿਆਂ ਦੇ ਅਨੁਸਾਰ, 23 ਵਿਕਸਤ ਦੇਸ਼ਾਂ ਨੇ ਜੈਵਿਕ ਬਾਲਣ ਸਬਸਿਡੀਆਂ 'ਤੇ 378 ਬਿਲੀਅਨ ਡਾਲਰ ਖਰਚ ਕੀਤੇ ਹਨ। ਉਨ੍ਹਾਂ ਨੂੰ ਵਿਕਾਸਸ਼ੀਲ ਦੇਸ਼ਾਂ ਨੂੰ ਜਲਵਾਯੂ ਵਿੱਤ ਪ੍ਰਦਾਨ ਕਰਨ ਲਈ ਸੰਯੁਕਤ ਰਾਸ਼ਟਰ ਜਲਵਾਯੂ ਸੰਮੇਲਨ ਦੇ ਤਹਿਤ ਅਧਿਕਾਰਤ ਕੀਤਾ ਗਿਆ ਹੈ।

2035 ਤੱਕ ਅਦਾ ਕਰਨੇ ਪੈਣਗੇ ਅਰਬਾਂ ਡਾਲਰ ਪਿਛਲੇ ਮਹੀਨੇ ਅਜ਼ਰਬਾਈਜਾਨ ਦੇ ਬਾਕੂ 'ਚ ਆਯੋਜਿਤ ਸੰਯੁਕਤ ਰਾਸ਼ਟਰ ਜਲਵਾਯੂ ਸੰਮੇਲਨ 'ਚ ਇਨ੍ਹਾਂ ਦੇਸ਼ਾਂ ਨੇ ਜਲਵਾਯੂ ਪਰਿਵਰਤਨ ਨਾਲ ਲੜਨ 'ਚ ਮਦਦ ਲਈ 2035 ਤੱਕ ਵਿਕਾਸਸ਼ੀਲ ਦੇਸ਼ਾਂ ਨੂੰ ਹਰ ਸਾਲ 300 ਬਿਲੀਅਨ ਡਾਲਰ ਦੇਣ ਦੀ ਵਚਨਬੱਧਤਾ ਪ੍ਰਗਟਾਈ ਸੀ ਹਾਲਾਂਕਿ, ਇਹ ਤੇਜ਼ੀ ਨਾਲ ਗਰਮ ਹੋ ਰਹੀ ਧਰਤੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਗਲੋਬਲ ਸਾਊਥ ਨੂੰ ਸਾਲਾਨਾ ਲੋੜੀਂਦੇ 1,300 ਬਿਲੀਅਨ ਤੋਂ ਬਹੁਤ ਘੱਟ ਹੈ। ਭਾਰਤ, ਬੋਲੀਵੀਆ, ਨਾਈਜੀਰੀਆ ਅਤੇ ਮਲਾਵੀ ਨੇ 45 ਘੱਟ ਵਿਕਸਤ ਦੇਸ਼ਾਂ (ਐਲਡੀਸੀ) ਦੇ ਸਮੂਹ ਦੀ ਤਰਫੋਂ ਬੋਲਦੇ ਹੋਏ, ਵਿਕਾਸਸ਼ੀਲ ਦੇਸ਼ਾਂ ਲਈ ਨਵੇਂ ਜਲਵਾਯੂ ਵਿੱਤ ਪੈਕੇਜ ਦੀ ਸਖ਼ਤ ਆਲੋਚਨਾ ਕੀਤੀ।

# ਫਰਜ਼ੀ ਅੰਤਰਰਾਸ਼ਟਰੀ ਕਾਲ ਸੈਂਟਰ 'ਤੇ ਪੁਲਿਸ ਨੇ ਮਾਰਿਆ ਛਾਪਾ...ਕਈ ਗ੍ਰਿਫ਼ਤਾਰ

ਨਵੀਂ ਦਿੱਲੀ, 21 ਦਸੰਬਰ (ਜਸਵਿੰਦਰ ਸਿੰਘ ਬਿੱਟਾ)- ਦਿੱਲੀ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਪੁਲਿਸ ਅਤੇ ਹੋਰ ਸੁਰੱਖਿਆ ਏਜੰਸੀਆਂ ਵੱਲੋਂ ਕਾਫੀ ਚੌਕਸੀ ਰੱਖੀ ਹੋਈ ਹੈ। ਸਾਰੀਆਂ ਸੁਰੱਖਿਆ ਏਜੰਸੀਆਂ ਅਤੇ ਪੁਲਿਸ ਦਾ ਇੱਕ ਹੀ ਉਦੇਸ਼ ਹੈ -ਰਾਸ਼ਟਰੀ ਰਾਜਧਾਨੀ ਅਤੇ ਆਸਪਾਸ ਦੇ ਖੇਤਰਾਂ ਵਿੱਚ ਕਿਸੇ ਵੀ ਤਰ੍ਹਾਂ ਦੀਆਂ ਅਪਰਾਧਿਕ ਘਟਨਾਵਾਂ ਨੂੰ ਕਾਬੂ ਕਰਨਾ। ਇਸ ਦੇ ਬਾਵਜੂਦ ਅਪਰਾਧਿਕ ਮਾਨਸਿਕਤਾ ਵਾਲੇ ਲੋਕ ਗੜਬੜੀ ਪੈਦਾ ਕਰਨ ਤੋਂ ਗੁਰੇਜ਼ ਨਹੀਂ ਕਰਦੇ। ਅਜਿਹੇ ਹੀ ਇੱਕ ਹਾਈ ਪ੍ਰੋਫਾਈਲ ਰੈਕੇਟ ਦਾ ਗੁਰੂਗ੍ਰਾਮ ਵਿੱਚ ਪਰਦਾਫਾਸ਼ ਹੋਇਆ ਹੈ। ਗੈਂਗ ਦੇ ਮੈਂਬਰ ਦੇਸ਼ ਨੂੰ ਨਹੀਂ ਸਗੋਂ ਅਮਰੀਕੀ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਂਦੇ ਸਨ। ਪੁਲਿਸ ਨੇ ਫਰਜ਼ੀ ਅੰਤਰਰਾਸ਼ਟਰੀ ਕਾਲ ਸੈਂਟਰ ਦਾ ਪਰਦਾਫਾਸ਼ ਕੀਤਾ ਹੈ। ਕਈ ਲੋਕਾਂ ਨੂੰ ਹਿਰਾਸਤ 'ਚ ਲਿਆ ਗਿਆ ਹੈ। ਇਨ੍ਹਾਂ ਵਿੱਚ ਮਰਦ ਅਤੇ ਔਰਤਾਂ ਸ਼ਾਮਲ ਹਨ

ਜਾਣਕਾਰੀ ਮੁਤਾਬਕ ਗੁਰੂਗ੍ਰਾਮ ਪੁਲਿਸ ਨੇ ਇਕ ਫਰਜ਼ੀ ਕਾਲ ਸੈਂਟਰ ਦਾ ਪਰਦਾਫਾਸ਼ ਕੀਤਾ ਹੈ ਜੋ ਇਕ ਅਕਾਊਂਟਿੰਗ ਕੰਪਨੀ ਦੀ ਫਰਜ਼ੀ ਵੈੱਬਸਾਈਟ ਬਣਾ ਕੇ ਤਕਨੀਕੀ ਸਹਾਇਤਾ ਦੇਣ ਦੇ ਨਾਂ 'ਤੇ ਅਮਰੀਕੀ ਨਾਗਰਿਕਾਂ ਨੂੰ ਠੱਗ ਰਿਹਾ ਸੀ। ਇਹ ਜਾਣਕਾਰੀ ਪੁਲਿਸ ਨੇ ਦਿੱਤੀ ਹੈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੇ ਫਰਜ਼ੀ ਕਾਲ ਸੈਂਟਰ ਦੇ ਮੈਨੇਜਰ ਅਤੇ ਅੱਠ ਔਰਤਾਂ ਸਮੇਤ ਕੁੱਲ 18 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੋਲੋਂ 17 ਸੀ.ਪੀ.ਯੂ ਬਰਾਮਦ ਕੀਤੇ ਗਏ ਹਨ। ਫਰਜ਼ੀ ਕਾਲ ਸੈਂਟਰ ਦੇ ਖੁਲਾਸੇ ਨੇ ਨਾ ਸਿਰਫ ਪੁਲਿਸ ਪ੍ਰਸ਼ਾਸਨ ਸਗੋਂ ਆਲੇ-ਦੁਆਲੇ ਦੇ ਲੋਕ ਵੀ ਹੈਰਾਨ ਕਰ ਦਿੱਤੇ।



**ਪੁਲਿਸ ਨੇ ਰਾਤ ਨੂੰ ਹੀ ਛਾਪਾ ਮਾਰਿਆ**

ਅਧਿਕਾਰੀਆਂ ਨੇ ਦੱਸਿਆ ਕਿ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਉਦਯੋਗ ਵਿਹਾਰ ਫੇਜ਼-2 ਸਥਿਤ ਪਲਾਟ ਨੰਬਰ 270 ਤੋਂ ਫਰਜ਼ੀ ਕਾਲ ਸੈਂਟਰ ਚਲਾਇਆ ਜਾ ਰਿਹਾ ਹੈ। ਅਮਰੀਕਾ ਦੇ ਲੋਕਾਂ ਨੂੰ ਇੱਥੋਂ ਕਥਿਤ ਤੌਰ 'ਤੇ ਠੱਗਿਆ ਜਾ ਰਿਹਾ ਹੈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਸੂਚਨਾ ਮਿਲਣ ਤੋਂ ਬਾਅਦ ਇੰਸਪੈਕਟਰ ਨਵੀਨ ਕੁਮਾਰ ਦੀ ਅਗਵਾਈ 'ਚ ਸਾਈਬਰ ਪੁਲਿਸ ਟੀਮ ਦਾ ਗਠਨ ਕੀਤਾ ਗਿਆ। ਸੂਚਨਾ ਅਨੁਸਾਰ ਵਿਸ਼ੇਸ਼ ਟੀਮ ਨੇ ਰਾਤ ਨੂੰ ਛਾਪੇਮਾਰੀ ਕੀਤੀ। ਪੁਲਿਸ ਦੀ ਛਾਪੇਮਾਰੀ ਤੋਂ ਉੱਥੇ ਕੰਮ ਕਰਦੇ ਲੋਕ ਹੈਰਾਨ ਰਹਿ ਗਏ। ਪੁਲਿਸ ਨੂੰ ਦੇਖ ਕੇ ਅੰਦਰ ਬੈਠੇ ਸਾਰੇ ਲੋਕਾਂ ਦੇ ਮੱਥੇ 'ਤੇ ਪਸੀਨੇ ਆ ਗਏ।




# Flight MH370: 239 ਲੋਕਾਂ ਨੂੰ ਲੈ ਕੇ ਅਚਾਨਕ ਗਾਇਬ ਹੋਏ ਜਹਾਜ਼ ਬਾਰੇ ਵੱਡੀ ਅਪਡੇਟ...

ਮਲੇਸ਼ੀਆ ਏਅਰਲਾਈਨਜ਼ ਦੀ ਉਡਾਣ M8370 ਦੀ ਖੋਜ 10 ਸਾਲਾਂ ਬਾਅਦ ਇੱਕ ਵਾਰ ਫਿਰ ਸ਼ੁਰੂ ਕੀਤੀ ਜਾਵੇਗੀ। ਐਮਐਚ 370 ਨੇ 8 ਮਾਰਚ 2014 ਨੂੰ ਸੈਂਕੜੇ ਲੋਕਾਂ ਨੂੰ ਲੈ ਕੇ ਬੀਜਿੰਗ ਲਈ ਉਡਾਣ ਭਰੀ ਸੀ ਪਰ ਫਿਰ ਅਚਾਨਕ ਗਾਇਬ ਹੋ ਗਈ। ਇਸ ਰਹੱਸਮਈ ਘਟਨਾ ਨੇ ਪੂਰੀ ਦੁਨੀਆ ਨੂੰ ਹੈਰਾਨ ਕਰ ਦਿੱਤਾ ਸੀ। ਹੁਣ ਮਲੇਸ਼ੀਆ ਸਰਕਾਰ ਨੇ ਅਮਰੀਕੀ ਸਮੁੰਦਰੀ ਰੋਬੋਟਿਕਸ ਫਰਮ ਓਸ਼ਨ ਇਨਫਿਨਿਟੀ ਨਾਲ ਸਮਝੌਤਾ ਕੀਤਾ ਹੈ, ਜਿਸ ਦੇ ਤਹਿਤ ਇਹ ਖੋਜ ਦੁਬਾਰਾ ਕੀਤੀ ਜਾਵੇਗੀ।

**ਕਰੀਬ 560 ਕਰੋੜ ਰੁਪਏ ਦੀ ਡੀਲ**

'ਨੋ ਫਾਈਂਡ, ਨੋ ਫ਼ੀਸ' ਸੌਦੇ ਦੇ ਤਹਿਤ 15,000 ਵਰਗ ਕਿਲੋਮੀਟਰ ਦੇ ਨਵੇਂ ਖੇਤਰ ਵਿੱਚ ਨਵੀਨਤਮ ਤਕਨੀਕ ਦੀ ਵਰਤੋਂ ਕਰਕੇ ਇਸ ਦੀ ਖੋਜ ਕਰੇਗੀ। ਮੰਨਿਆ ਜਾ ਰਿਹਾ ਹੈ ਕਿ ਹੁਣ ਇਹ ਮਿਸ਼ਨ ਕਾਮਯਾਬ ਹੋਵੇਗਾ ਅਤੇ ਸਾਲਾਂ ਦਾ ਇੰਤਜ਼ਾਰ ਖਤਮ ਹੋ ਜਾਵੇਗਾ। ਸਰਕਾਰ ਨੇ ਇਸ ਸਮਝੌਤੇ ਨੂੰ ਸਿਧਾਂਤਕ ਤੌਰ ਉਤੇ ਮਨਜ਼ੂਰੀ ਦੇ ਦਿੱਤੀ ਹੈ। ਸੌਦੇ ਦੇ ਅਨੁਸਾਰ ਕੰਪਨੀ ਨੂੰ 70 ਮਿਲੀਅਨ ਡਾਲਰ ਤਾਂ ਹੀ ਮਿਲਣਗੇ ਜੇਕਰ 'ਮਹੱਤਵਪੂਰਨ ਮਲਬਾ' ਲੱਭਿਆ ਜਾਂਦਾ ਹੈ। ਇਸ ਸੌਦੇ ਨੂੰ 2025 ਦੇ ਸ਼ੁਰੂ ਵਿੱਚ ਅੰਤਿਮ ਰੂਪ ਦਿੱਤਾ ਜਾਣਾ ਹੈ। ਜਾਂਚ ਜਨਵਰੀ ਤੋਂ ਅਪ੍ਰੈਲ ਤੱਕ ਦੇ ਸਮੇਂ ਵਿੱਚ ਕੀਤੀ ਜਾਵੇਗੀ।



**ਉਸ ਦਿਨ Mch 370 ਨਾਲ ਕੀ ਹੋਇਆ?**

ਉਸ ਦਿਨ ਇਹ ਜਹਾਜ਼ ਕੁਆਲਾਲੰਪੁਰ ਤੋਂ ਬੀਜਿੰਗ ਜਾ ਰਿਹਾ ਸੀ ਅਤੇ ਇਸ ਵਿਚ 227 ਯਾਤਰੀ ਅਤੇ 12 ਕਰੂ ਮੈਂਬਰ ਸਵਾਰ ਸਨ। ਜਦੋਂ ਇਹ ਵੀਅਤਨਾਮੀ ਹਵਾਈ ਖੇਤਰ ਵਿੱਚ ਦਾਖਲ ਹੋਣ ਵਾਲਾ ਸੀ, ਤਾਂ ਜਹਾਜ਼ ਨੇ ਅਚਾਨਕ ਦਿਸ਼ਾ ਬਦਲ ਲਈ ਅਤੇ ਸਾਰਾ ਸੰਪਰਕ ਟੁੱਟ ਗਿਆ। ਜਹਾਜ਼ ਵਿਚ ਸਵਾਰ ਸਾਰੇ 239 ਲੋਕ ਜਹਾਜ਼ ਦੇ ਨਾਲ ਹੀ ਲਾਪਤਾ ਹੋ ਗਏ। ਵਿਆਪਕ ਖੋਜ ਦੇ ਬਾਵਜੂਦ, ਹਿੰਦ ਮਹਾਸਾਗਰ ਦੇ ਇੱਕ ਟਾਪੂ 'ਤੇ ਮਿਲੇ ਕੁਝ ਟੁਕੜਿਆਂ ਨੂੰ ਛੱਡ ਕੇ ਜਹਾਜ਼ ਦਾ ਕੋਈ ਸੁਰਾਗ ਨਹੀਂ ਮਿਲਿਆ।



# Open AI ਚੈਟਜੀਪੀਟੀ ਨੇ ਵੀ ਜਾਰੀ ਕੀਤਾ Whatsapp ਨੰਬਰ, ਪੁੱਛ ਸਕਦੇ ਹੋ ਸਵਾਲ

ਚੰਡੀਗੜ੍ਹ, 21 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਓਪਨ ਏ.ਆਈ ਨੇ ਹਾਲ ਹੀ ਵਿੱਚ ਚੈਟ.ਜੀ.ਪੀ.ਟੀ ਵਟਸਐਪ ਨੰਬਰ ਨਾਮਕ ਇੱਕ ਵਿਸ਼ੇਸ਼ਤਾ ਲਾਂਚ ਕੀਤੀ ਹੈ। ਜਿਸਦਾ ਉਦੇਸ਼ ਇੱਕ ਵਿਸ਼ਾਲ ਵਰਤੋਂਕਾਰਾਂ ਤੱਕ ਪਹੁੰਚਣਾ ਅਤੇ ਉਹਨਾਂ ਨੂੰ ਮਨੁਖ਼ੀ ਬੁੱਧੀ ਤਕਨੀਕ ਤੱਕ ਪਹੁੰਚ ਪ੍ਰਦਾਨ ਕਰਨਾ ਹੈ। ਓਪਨ.ਏ.ਆਈ ਨੇ ਚੈਟ.ਜੀ.ਪੀ.ਟੀ ਚੈਟਬੋਟ ਨੂੰ ਸਮਰਪਿਤ ਇੱਕ ਨੰਬਰ, "1-800 ਚੈਟ.ਜੀ.ਪੀ.ਟੀ" "ਜਾਂ "1-800-242-8478,"ਰੋਲਆਊਟ ਕੀਤਾ ਹੈ, ਜੋ ਉਪਭੋਗਤਾਵਾਂ ਨੂੰ ਵਟਸਐਪ ਮੈਸੇਜਰ ਤੱਕ ਮੁਫ਼ਤ ਪਹੁੰਚ ਪ੍ਰਦਾਨ ਕਰਦਾ ਹੈ। ਚੈਟ.ਜੀ.ਪੀ.ਟੀ ਵਟਸਐਪ ਨੰਬਰ ਓਪਨਏਆਈ ਦੁਆਰਾ ਆਲਮੀ ਪੱਧਰ 'ਤੇ ਲੋਕਾਂ ਲਈ AI Chatboat ਤੱਕ ਵਿਆਪਕ ਪਹੁੰਚ ਨੂੰ ਸਮਰੱਥ ਬਣਾਉਣ ਲਈ ਇੱਕ ਪ੍ਰਯੋਗ ਲਾਂਚ ਹੈ। ਇਹ ਨੰਬਰ ਉਪਭੋਗਤਾਵਾਂ ਨੂੰ ਤਤਕਾਲ ਮੈਸੇਜਿੰਗ ਪਲੇਟਫਾਰਮ 'ਤੇ ਪਹਿਲਾਂ ਤੋਂ ਉਪਲਬਧ Meta AI ਵਾਂਗ ਟੈਕਸਟ ਕਰਨ ਦੀ ਆਗਿਆ ਦਿੰਦਾ ਹੈ। ਚੈਟ.ਜੀ.ਪੀ.ਟੀ ਦਾ ਵਟਸਐਪ ਨੰਬਰ 1-800-242-8478ਓਪਨ.ਏ.ਆਈ ਵੱਲੋਂ ਲਾਂਚ ਕੀਤਾ ਗਿਆ ਚੈਟ.ਜੀ.ਪੀ.ਟੀ ਵਟਸਐਪ ਨੰਬਰ ਹੈ ਜੋ ਉਪਭੋਗਤਾਵਾਂ ਨੂੰ ਵਟਸਐਪ ਅਤੇ ਕਾਲ ਰਾਹੀਂ ਗੱਲਬਾਤ ਕਰਨ ਵਿੱਚ ਮਦਦ ਕਰ ਸਕਦਾ ਹੈ। ਇਹ ਮੈਟਾ ਏਆਈ ਦੀ ਤਰ੍ਹਾਂ ਕੰਮ ਕਰਦਾ ਹੈ, ਜਦੋਂ ਤੁਸੀਂ ਇਸ ਨਾਲ ਗੱਲਬਾਤ ਕਰਦੇ ਹੋ ਤਾਂ ਉਪਭੋਗਤਾਵਾਂ ਨੂੰ ਜਵਾਬ ਦਿੰਦੇ ਹਨ। ਹਾਲ ਹੀ ਵਿਚ ਇਹ ਵਿਸ਼ੇਸ਼ਤਾ ਸਿਰਫ਼ ਸੰਯੁਕਤ ਰਾਜ ਅਤੇ ਕੈਨੇਡਾ ਵਿੱਚ ਰੋਲਆਊਟ ਕੀਤੀ ਗਈ ਹੈ।

### Chat Gpt whatsapp ਨੰਬਰ ਕਿਵੇਂ ਕੰਮ ਕਰਦਾ ਹੈ ?

ਇਸਦੇ "1-800-242-8478 "ਨੰਬਰਤੇ 'ਹੈਲੋ' ਭੇਜ ਕੇ ਚੈਟ ਸ਼ੁਰੂ ਕਰਨੀ ਪਵੇਗੀ, ਪਰ ਪਹਿਲਾਂ ਨੰਬਰ ਨੂੰ ਆਪਣੇ ਸੰਪਰਕਾਂ ਵਿੱਚ ਸੇਵ ਕਰਨਾ ਪਵੇਗਾ। ਤੁਹਾਡੇ ਸੇਵ ਕਰਨ ਤੋਂ ਬਾਅਦ, ਤੁਹਾਨੂੰ ਇੱਕ ਜਵਾਬ ਮਿਲੇਗਾ "ਤੁਸੀਂ ChatGPT, ਇੱਕ AI ਅਸਿਸਟੈਂਟ ਨੂੰ ਮੈਸੇਜ ਕਰ ਰਹੇ ਹੋ "ਸ਼ਰਤਾਂ ਨਾਲ ਸਹਿਮਤ ਹੋਵੋ ਅਤੇ ਗੋਪਨੀਯਤਾ ਨੀਤੀ ਦੀ ਪਾਲਣਾ ਕਰੋ ਅਤੇ OpenAI ਦੇ ਚੈਟਬੋਟ ਨਾਲ ਚੈਟ ਕਰਨਾ ਸ਼ੁਰੂ ਕਰੋ। ਵਟਸਐਪ ਯੂਜ਼ਰ QR ਕੋਡ ਦੇ ਕੇ ਸਿੱਧੇ ਨੰਬਰ ਨੂੰ ਐਡ ਕਰ ਸਕਦੇ ਹਨ।

# ਨਵੇਂ ਸਾਲ 'ਤੇ ਮੋਦੀ ਸਰਕਾਰ ਦਾ ਵੱਡਾ ਤੋਹਫਾ, ਇਨ੍ਹਾਂ 5 ਸੂਬਿਆਂ ਦੇ ਕਿਸਾਨਾਂ ਨੂੰ ਮਿਲੇਗਾ ਫਾਇਦਾ

ਨਵੀਂ ਦਿੱਲੀ, 21 ਦਸੰਬਰ (ਜਸਵਿੰਦਰ ਸਿੰਘ ਬਿੱਟਾ)-ਕੇਂਦਰ ਸਰਕਾਰ ਨੇ ਨਵੇਂ ਸਾਲ ਤੋਂ ਪਹਿਲਾਂ 5 ਰਾਜਾਂ ਦੇ ਕਿਸਾਨਾਂ ਨੂੰ ਵੱਡਾ ਤੋਹਫਾ ਦਿੱਤਾ ਹੈ। ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਕਿ ਮੋਦੀ ਸਰਕਾਰ ਨੇ ਹਮੇਸ਼ਾ ਹੀ ਕਿਸਾਨਾਂ ਲਈ ਸਮਰਪਣ ਦੀ ਭਾਵਨਾ ਨਾਲ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਅੱਜ ਕਿਸਾਨਾਂ ਲਈ ਵੱਡਾ ਫੈਸਲਾ ਲਿਆ ਗਿਆ ਹੈ। ਵੈਸ਼ਨਵ ਨੇ ਦੱਸਿਆ ਕਿ ਕੋਪਰਾ (ਨਾਰੀਅਲ ਦੇ ਛਿਲਕੇ) ਲਈ ਕੀਮਤ ਨੀਤੀ 2025 ਦਾ ਐਲਾਨ ਕੀਤਾ ਗਿਆ ਹੈ।ਅਸ਼ਵਨੀ ਵੈਸ਼ਨਵ ਨੇ ਦੱਸਿਆ ਕਿ ਮਿੱਲਿੰਗ ਕੋਪੜਾ ਦੀ ਕੀਮਤ ਵਿੱਚ ਪਿਛਲੇ ਸਾਲ ਦੇ ਮੁਕਾਬਲੇ 422 ਰੁਪਏ ਦਾ ਵਾਧਾ ਹੋਇਆ ਹੈ। ਯਾਨੀ ਹੁਣ ਇਸਨੂੰ 11582 ਰੁਪਏ ਵਿੱਚ ਖਰੀਦਿਆ ਜਾਵੇਗਾ। ਜਦੋਂਕਿ ਗੇਂਦਾ ਕੋਪੜੇ ਦੀ ਕੀਮਤ ਵਿੱਚ ਪਿਛਲੇ ਸਾਲ ਦੇ ਮੁਕਾਬਲੇ 100 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ। ਹੁਣ ਇਸ ਨੂੰ 12100 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਖਰੀਦਿਆ ਜਾਵੇਗਾ। ਕੇਂਦਰੀ ਮੰਤਰੀ ਅਸ਼ਵਿਨੀ ਵੈਸ਼ਨਵ ਨੇ ਕਿਹਾ, ਕਰਨਾਟਕ ਵਿੱਚ ਇਸ ਦਾ ਸਭ ਤੋਂ ਵੱਧ ਉਤਪਾਦਨ ਹੁੰਦਾ ਹੈ। ਕੁੱਲ ਉਤਪਾਦਨ 'ਚ ਕਰਨਾਟਕ ਦੀ ਹਿੱਸੇਦਾਰੀ 32.7 ਫੀਸਦੀ ਹੈ। ਉਤਪਾਦਨ ਵਿੱਚ ਤਾਮਿਲਨਾਡੂ ਦੀ 25.7 ਫੀਸਦੀ, ਕੇਰਲ ਦੀ 25.4 ਫੀਸਦੀ ਅਤੇ ਆਂਧਰਾ ਪ੍ਰਦੇਸ਼ ਦੀ 7.7 ਫੀਸਦੀ ਹਿੱਸੇਦਾਰੀ ਹੈ। ਉਨ੍ਹਾਂ ਦੱਸਿਆ ਕਿ ਇਸ ਲਈ ਸਰਕਾਰ ਵੱਲੋਂ 855 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ।

### ਕਿਸਾਨਾਂ ਦੀ ਭਲਾਈ ਲਈ ਲਏ ਗਏ ਕਈ ਫੈਸਲੇ



ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਕਿ ਕਿਸਾਨਾਂ ਦੀ ਭਲਾਈ ਲਈ ਕਈ ਫੈਸਲੇ ਲਏ ਗਏ ਹਨ। ਇਹ ਸਾਡੀ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ, ਕਿਸਾਨਾਂ ਦੇ ਜੀਵਨ ਵਿੱਚ ਸੁਧਾਰ ਲਈ ਪ੍ਰਧਾਨ ਮੰਤਰੀ ਦੀ ਵਚਨਬੱਧਤਾ ਹੈ। ਸਾਡੇ ਦੇਸ਼ ਵਿੱਚ ਕੋਪੇਰੇ ਦੇ ਉਤਪਾਦਨ ਵਿੱਚ ਕਰਨਾਟਕ ਦਾ ਸਭ ਤੋਂ ਵੱਧ ਹਿੱਸਾ ਹੈ। ਨੈਫੇਡ ਅਤੇ ਐਨ.ਸੀ.ਸੀ.ਐਫ. ਦੋਵੇਂ ਕੋਪੇਰੇ ਦੀ ਖਰੀਦ ਲਈ ਕੇਂਦਰੀ ਨੋਡਲ ਏਜੰਸੀਆਂ ਹੋਣਗੀਆਂ ਅਤੇ ਇਸ ਤੋਂ ਇਲਾਵਾ ਰਾਜ ਸਰਕਾਰਾਂ ਦੀ ਇਸ ਵਿੱਚ ਵੱਡੀ ਭੂਮਿਕਾ ਹੋਵੇਗੀ, ਇਸ ਲਈ ਇਹ ਖਰੀਦ ਰਾਜ ਸਰਕਾਰਾਂ ਦੇ ਕਾਰਪੋਰੇਸ਼ਨਾਂ ਦੇ ਸਹਿਯੋਗ ਨਾਲ ਕੀਤੀ ਜਾਵੇਗੀ।


ਜ਼ਰੂਰੀ ਸੂਚਨਾ

ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਪਣਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਹੈ,ਜਿਸ ਦਾ ਨਾਮ 'ਵਿਸਵ ਪੰਜਾਬੀ ਸਾਂਝ'ਰੱਖਿਆ ਗਿਆ ਹੈ। ਤੁਸੀ ਆਪਣੀਆਂ ਰਚਨਾਵਾਂ/ਕਹਾਣੀ/ ਲੇਖ ਜਾਂ ਸਾਹਿਤਕ ਕਿਰਤ ਛੱਪਣ ਲਈ ਭੇਜ ਸਕਦੇ ਹੋ।

ਲਿਖਤਾਂ ਭੇਜਣ ਲਈ ਈਮੇਲ ਪਤਾ
vishavPunjabisanjh@gmail.com

ਲੇਖਕ ਆਪਣਾ ਨਾਮ ਫੋਨ ਨੰਬਰ ਅਤੇ ਫੋਟੋ ਵੀ ਜਰੂਰ ਭੇਜਣ ਦੀ ਕ੍ਰਿਪਾਲਤਾ ਕਰੋਂ

ਨੋਟ : ਅਖ਼ਬਾਰ ਵਿੱਚ ਭੇਜੀਆ ਰਚਨਾਵਾਂ ਜਾਂ ਸਮੱਗਰੀ ਸਾਹਿਤਕ ਅਤੇ ਸੱਭਿਅਕ ਹੋਵੇ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ।

ਅਖ਼ਬਾਰ ਵਿੱਚ ਸ਼ਾਮਿਲ ਲਿਖਤਾਂ ਤੇ ਵਿਚਾਰਾਂ ਲਈ ਲੇਖਕ ਖੁਦ ਜਿੰਮੇਵਾਰ ਹੈ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ


# ਸਵੇਰੇ ਖਾਲੀ ਪੇਟ ਗਰਮ ਪਾਣੀ ਪੀਣਾ ਚਾਹੀਦਾ ਜਾਂ ਸਾਦਾ ?

ਸਵੇਰੇ ਉੱਠਦੇ ਹੀ ਇੱਕ ਗਲਾਸ ਪਾਣੀ ਪੀਣ ਦੀ ਆਦਤ ਸਿਹਤ ਲਈ ਬਹੁਤ ਫਾਇਦੇਮੰਦ ਹੈ। ਇਹ ਨਾ ਸਿਰਫ਼ ਪਾਚਨ ਕਿਰਿਆ ਨੂੰ ਸੁਧਾਰਦੀ ਹੈ ਸਗੋਂ ਸਰੀਰ ਦੇ ਮੇਟਾਬੋਲਿਜ਼ਮ ਨੂੰ ਵੀ ਤੇਜ਼ ਕਰਦੀ ਹੈ। ਆਯੁਰਵੇਦ ਵੀ ਇਸ ਆਦਤ ਨੂੰ ਅਪਣਾਉਣ ਦੀ ਸਲਾਹ ਦਿੰਦਾ ਹੈ। ਹਾਲਾਂਕਿ, ਬਹੁਤ ਸਾਰੇ ਲੋਕ ਇਸ ਗੱਲ ਨੂੰ ਲੈ ਕੇ ਭੰਬਲਭੂਸੇ ਵਿੱਚ ਰਹਿੰਦੇ ਹਨ ਕਿ ਸਵੇਰੇ ਪਾਣੀ ਦੇ ਤਾਪਮਾਨ ਦਾ ਸਿਹਤ 'ਤੇ ਕੀ ਪ੍ਰਭਾਵ ਪੈਂਦਾ ਹੈ। ਕੁਝ ਅਧਿਐਨਾਂ ਵਿੱਚ ਇਹ ਪਾਇਆ ਗਿਆ ਹੈ ਕਿ ਠੰਡਾ ਪਾਣੀ ਭਾਰ ਘਟਾਉਣ ਵਿੱਚ ਮਦਦ ਕਰ ਸਕਦਾ ਹੈ। ਇਸ ਦੇ ਨਾਲ ਹੀ ਆਯੁਰਵੇਦ ਗਰਮ ਪਾਣੀ ਪੀਣ ਦੀ ਸਲਾਹ ਦਿੰਦਾ ਹੈ, ਜਿਸ ਨੂੰ 'ਉਸ਼ਨੋਦਕ ਪਾਨ' ਕਿਹਾ ਜਾਂਦਾ ਹੈ। ਗਰਮ ਪਾਣੀ ਪਿਆਸ ਬੁਝਾਉਣ ਦੇ ਨਾਲ-ਨਾਲ ਸਰੀਰ ਨੂੰ ਸਿਹਤਮੰਦ ਰੱਖਣ 'ਚ ਵੀ ਮਦਦਗਾਰ ਹੁੰਦਾ ਹੈ।

### ਖਾਲੀ ਪੇਟ ਗਰਮ ਪਾਣੀ ਪੀਣ ਦੇ ਫਾਇਦੇ

ਪਾਚਨ ਪ੍ਰਣਾਲੀ ਲਈ ਲਾਭਕਾਰੀ: ਗਰਮ ਪਾਣੀ ਪਾਚਨ ਨੂੰ ਉਤਸ਼ਾਹਿਤ ਕਰਦਾ ਹੈ ਕਿਉਂਕਿ ਇਹ ਪੇਟ ਵਿੱਚ ਪਾਚਨ ਐਂਜ਼ਾਈਮ ਨੂੰ ਸਰਗਰਮ ਕਰਦਾ ਹੈ ਅਤੇ ਸਰੀਰ ਨੂੰ ਡੀਟੌਕਸਫਾਈ ਕਰਦਾ ਹੈ। ਇਹ ਖੂਨ ਸੰਚਾਰ ਨੂੰ ਵਧਾ ਕੇ ਭੋਜਨ ਨੂੰ ਆਸਾਨੀ ਨਾਲ ਤੋੜਨ ਵਿੱਚ ਪਾਚਨ ਪ੍ਰਣਾਲੀ ਦੀ ਮਦਦ ਕਰਦਾ ਹੈ। ਇਸ ਨਾਲ ਗੈਸ ਅਤੇ ਕਬਜ਼ ਦੀ ਸਮੱਸਿਆ ਨੂੰ ਵੀ ਘੱਟ ਕੀਤਾ ਜਾ ਸਕਦਾ ਹੈ।

ਡੀਟੌਕਸੀਫਿਕੇਸ਼ਨ ਵਿੱਚ ਮਦਦਗਾਰ: ਗਰਮ ਪਾਣੀ ਪੀਣ ਨਾਲ ਸਰੀਰ ਵਿੱਚੋਂ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢਣ ਵਿੱਚ ਮਦਦ ਮਿਲਦੀ ਹੈ। ਇਕ ਅਧਿਐਨ ਮੁਤਾਬਕ ਗਰਮ ਪਾਣੀ ਸਰੀਰ ਦੀ ਡੀਟੌਕਸ ਪ੍ਰਕਿਰਿਆ ਨੂੰ ਤੇਜ਼ ਕਰਦਾ ਹੈ। ਗਰਮ ਪਾਣੀ ਖੂਨ ਦੀਆਂ ਨਾੜੀਆਂ ਦਾ ਵਿਸਤਾਰ ਕਰਦਾ ਹੈ, ਜਿਸ ਨਾਲ ਸਰੀਰ ਦੇ ਸੈੱਲਾਂ ਤੋਂ ਜ਼ਹਿਰੀਲੇ ਪਦਾਰਥਾਂ ਨੂੰ ਕੱਢਣਾ ਅਤੇ ਨਿਕਾਸ ਵਾਲੇ ਅੰਗਾਂ ਤੱਕ ਪਹੁੰਚਾਉਣਾ ਆਸਾਨ ਹੋ ਜਾਂਦਾ ਹੈ।

ਬਲੱਡ ਸਰਕੁਲੇਸ਼ਨ ਵਿਚ ਸੁਧਾਰ: ਗਰਮ ਪਾਣੀ ਬਲੱਡ ਸਰਕੁਲੇਸ਼ਨ ਨੂੰ ਬਿਹਤਰ ਬਣਾਉਣ ਵਿਚ ਮਦਦ ਕਰਦਾ ਹੈ। ਅਧਿਐਨ ਦਰਸਾਉਂਦੇ ਹਨ ਕਿ ਗਰਮ ਪਾਣੀ ਖੂਨ ਦੀਆਂ ਨਾੜੀਆਂ ਨੂੰ ਆਰਾਮ ਦਿੰਦਾ ਹੈ, ਜਿਸ ਨਾਲ ਆਕਸੀਜਨ ਅਤੇ ਪੌਸ਼ਟਿਕ ਤੱਤ ਸਰੀਰ ਦੇ ਵੱਖ-ਵੱਖਹਿੱਸਿਆਂ ਤੱਕ ਪਹੁੰਚ ਸਕਦੇ ਹਨ।

### ਠੰਡਾ ਪਾਣੀ ਪੀਣ ਦੇ ਫਾਇਦੇ

ਭਾਰ ਘਟਾਉਣ 'ਚ ਮਦਦ: ਠੰਡਾ ਪਾਣੀ ਪੀਣ ਨਾਲ ਕੈਲੋਰੀ ਬਰਨ ਹੋ ਸਕਦੀ ਹੈ, ਹਾਲਾਂਕਿ ਇਸ ਦਾ ਅਸਰ ਜ਼ਿਆਦਾ ਨਹੀਂ ਹੁੰਦਾ। ਇਕ ਅਧਿਐਨ ਵਿਚ ਪਾਇਆ ਗਿਆ ਹੈ ਕਿ ਠੰਡਾ ਪਾਣੀ ਪੀਣ ਨਾਲ ਸਰੀਰ ਨੂੰ ਆਮ ਤਾਪਮਾਨ 'ਤੇ ਲਿਆਉਣ ਲਈ ਜ਼ਿਆਦਾ ਮਿਹਨਤ ਕਰਨੀ ਪੈਂਦੀ ਹੈ, ਜਿਸ ਨਾਲ ਘੱਟ ਕੈਲੋਰੀ ਬਰਨ ਹੁੰਦੀ ਹੈ।

ਤਾਜ਼ਗੀ ਦੀ ਭਾਵਨਾ: ਗਰਮੀਆਂ ਵਿੱਚ ਠੰਡਾ ਪਾਣੀ ਤਾਜ਼ਗੀ ਦਾ ਅਨੁਭਵ ਦਿੰਦਾ ਹੈ। ਇਹ ਸਰੀਰ ਨੂੰ ਠੰਡਾ ਕਰਦਾ ਹੈ ਅਤੇ ਥਕਾਵਟ ਨੂੰ ਘਟਾਉਂਦਾ ਹੈ। ਸਵੇਰੇ ਠੰਡਾ ਪਾਣੀ ਪੀਣ ਨਾਲ ਤੁਸੀਂ ਊਰਜਾਵਾਨ ਮਹਿਸੂਸ ਕਰਦੇ ਹੋ ਅਤੇ ਦਿਨ ਦੀ ਸ਼ੁਰੂਆਤ 'ਚ ਤੁਹਾਨੂੰ ਉਤਸ਼ਾਹ ਮਿਲਦਾ ਹੈ।


ਖੁਸ਼ਖਬਰੀ ! ਖੁਸ਼ਖਬਰੀ ! ਖੁਸ਼ਖਬਰੀ !
ਹੁਣ ਤੁਹਾਡੀ ਸੇਵਾ ਵਿੱਚ BRAMPTON CASH & CARRY
ਇੱਕ ਨਵੀਂ ਬ੍ਰਾਂਚ ਬਹੁਤ ਜਲਦ ਖੁੱਲ ਰਹੀ ਹੈ
3643 Portage Rd, Niagara Falls
416-700-9100



ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਜਿੰਦ-ਜਾਣ ਸਾਹਿਤਕ,ਸਭਿਆਚਾਰਕ ਅਤੇ ਖੇਡ-ਮੇਲਿਆਂ ਵਿੱਚ ਮਿੱਠੀ ਮਿੱਠੀ ਸ਼ਬਦਾਵਲੀ, ਸ਼ੇਅਰੋ ਸ਼ਾਇਰੀ ਅਤੇ ਕਥਾ ਕਹਾਣੀਆਂ ਨਾਲ ਮਨੋਰੰਜਕ ਪੇਸ਼ਕਾਰੀ ਲਈ ਸਟੇਜ ਸੰਚਾਲਨ ਵਾਸਤੇ ਹਮੇਸ਼ਾ ਯਾਦ ਰੱਖੋ



ਡਾ: ਦਰਸ਼ਨਦੀਪ ਅਰੋੜਾ
ਕੋ- ਹੋਸਟ
( ਰੇਡੀਓ ਪ੍ਰੋਗਰਾਮ ਸਬਰੰਗ 1350 AM )
ਸੋਮਵਾਰ ਤੋਂ ਸ਼ੁੱਕਰਵਾਰ ਤੱਕ 10 ਤੋਂ 11 ਵਜੇ ਤੱਕ
+1 437-243-3091





Weight
10 Pond



Price
$5.99

BRAMPTON CASH & CARRY

BramptonCashandCarry2023@gmail.co
KENNEDY ROAD S., BRAMPTON ON L6W 3E7, CANADA
905-230-4800

# BRAMPTON CASH AND CARRY

**WHOLESALER** | **IMPORTER**
**DISTRIBUTOR** | **RETAILER**

**Wholesaler, Importer, Distributor & Retailer of Restaurants Supply**








BRAMPTON
CASH & CARRY

Brampton CashandCarry2023@gmail.com

**905-230-4800**

**100 Kennedy Road S., Brampton, ON L6W 3E7**

HURRY!

SPECIAL OFFER

BRAMPTON CASH & CARRY
Importer | Wholesaler | Retailer

WHITE ONION– 50 POUND

22 $




BUY NOW

T&C APPLY

100 Kennedy Rd S,
Brampton, ON L6W 3E7, Canada

905-230-4800

HURRY!

SPECIAL OFFER

BRAMPTON CASH & CARRY
Importer | Wholesaler | Retailer

BRAR BESAN SUPER FINE

9.99 $




BRAR SWEET CORN FLOUR




4.99 $

SHER WHITE WHOLE WHEAT ATTA

15.99 $




BUY NOW

T&C APPLY

100 Kennedy Rd S,
Brampton, ON L6W 3E7, Canada

905-230-4800


AAPKI PASAND AAPKA SWAAD
DURUM CHAKKI
ATTA
Aapki
PASAND
AAPKA SWAAD
आटा
ਆਟਾ
Indian Style
DURUM
CHAKKI
ATTA
FARINE DE BLÉ
WHOLE WHEAT 100% BLÉ ENTIER
9.07 KG
(20 LB)
WEIGHT
20LB
PRICE
$9.99
BRAMPTON
CASH & CARRY
Importer | Wholesaler | Retailer
6HR
SOFTNESS
BEST FOR ROLLS, PARANTHAS. POORIS & HOTBREADS


GRAND
OPENING
3643 PORTAGE RD, NIAGARA FALLS
CONTACT: +1 (416)700-9100
COMING
SOON
BRAMPTON CASH
AND CARRY
BRAMPTON
CASH & CARRY
Importer | Wholesaler | Retailer
BRAMPTON
CASH & CARRY
IMPORTER | WHOLESALER| RETAILER
OPEN EVERYDAY FROM
9:00 AM TO 9:00 PM